# ਸਰਮਾਏਦਾਰ ਚੌਧਰੀ ਦੇ ਘਰ ਉੱਠਿਆ ਵਾਵਰੋਲਾ
# ''ਵਾਲ ਸਟਰੀਟ 'ਤੇ ਕਬਜ਼ਾ ਕਰੋ'' ਲਹਿਰ

**—ਡਾ. ਅੰਮ੍ਰਿਤ**

ਅਰਬ ਦੇਸ਼ਾਂ ਦੀਆਂ ਲੋਕ ਬਗਾਵਤਾਂ ਨਾਲ ਸ਼ੁਰੂ ਹੋਏ ਇਸ ਸਾਲ ਦੌਰਾਨ ਪੂਰੀ ਦੁਨੀਆਂ 'ਚ ਵੱਖ-ਵੱਖ ਤਰੀਕਿਆਂ ਨਾਲ ਲੋਕਾਂ ਦੇ ਗੁੱਸੇ ਦੇ ਫੁੱਟਣ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ, ਟੂਨੀਸ਼ੀਆ ਤੇ ਮਿਸਰ ਤੋਂ ਬਾਅਦ ਯਮਨ ਤੇ ਸੀਰੀਆ ਵਿੱਚ ਸਰਕਾਰਾਂ ਦੇ ਖਿਲਾਫ ਹਾਲੇ ਤੱਕ ਲੋਕ ਲਹਿਰਾਂ ਬਦਸਤੂਰ ਜਾਰੀ ਹਨ। ਸਾਲ ਦੀ ਦੂਜੀ ਛਿਮਾਹੀ 'ਚ ਇਸ ਸਿਲਸਿਲੇ ਨੇ ਇੰਗਲੈਂਡ 'ਚ ਜਾ ਦਸਤਕ ਦਿੱਤੀ ਅਤੇ ਲੰਦਨ ਤੇ ਹੋਰ ਸ਼ਹਿਰਾਂ ਨੇ ਇੱਕ ਹਫਤੇ ਤੱਕ ਨੌਜਵਾਨਾਂ ਤੇ ਆਮ ਲੋਕਾਂ ਦੇ ਭੜਕੇ ਗੁੱਸੇ ਕਾਰਨ ਹੋਏ ਦੰਗਿਆਂ ਦਾ ਮੰਜਰ ਦੇਖਿਆ। ਯੂਨਾਨ, ਸਪੇਨ ਅਤੇ ਇਟਲੀ ਤਾਂ ਪਿਛਲੇ ਸਾਲ ਤੋਂ ਹੀ ਬੇਰੁਜਗਾਰਾਂ, ਨੌਜਵਾਨਾਂ ਅਤੇ ਆਮ ਕਿਰਤੀ ਲੋਕਾਂ ਦੇ ਸੰਘਰਸ਼ਾਂ ਦੇ ਪਿੜ ਬਣੇ ਹੋਏ ਹਨ, ਇਸ ਸਾਲ ਸਤੰਬਰ 'ਚ ਇਹ ਵਾਵਰੋਲਾ ਸੰਸਾਰ ਸਰਮਾਏਦਾਰੀ ਦੇ ਚੌਧਰੀ ਅਮਰੀਕਾ ਦੇ ਵਿਹੜੇ ਵੀ ਜਾ ਵੜਿਆ। 'ਵਾਲ ਸਟਰੀਟ 'ਤੇ ਕਬਜ਼ਾ ਕਰੋ' (Occupy wall street) ਨਾਂ ਦੀ ਇੱਕ ਲਹਿਰ ਪਿਛਲੇ ਇੱਕ ਮਹੀਨੇ ਤੋਂ ਪੂਰੀ ਦੁਨੀਆਂ ਦੇ ਧਿਆਨ ਦਾ ਕੇਂਦਰ ਬਣੀ ਹੋਈ ਹੈ ਅਤੇ ਦੁਨੀਆਂ ਦੇ ਹਰ ਕੋਨੇ ਤੱਕ ਇਸ ਦੀ ਗੂੰਜ ਸੁਣਾਈ ਦੇ ਰਹੀ ਹੈ।

ਵਾਲ ਸਟਰੀਟ ਅਮਰੀਕਾ ਦੇ ਵਿੱਤੀ ਖੇਤਰ ਨੂੰ ਚਲਾਉਣ ਵਾਲ਼ੇ ਤੇ ਦੁਨੀਆਂ ਦੇ ਸਭ ਤੋਂ ਵੱਡੇ ਨਿਊਯਾਰਕ ਸ਼ੇਅਰ ਬਜ਼ਾਰ ਅਤੇ ਹੋਰ ਵੱਡੀਆਂ ਵਿੱਤੀ ਸਰਮਾਏਦਾਰ ਸੰਸਥਾਵਾਂ ਦਾ ਗੜ੍ਹ ਹੈ। 17 ਸਤੰਬਰ ਨੂੰ 1000 ਦੇ ਕਰੀਬ ਲੋਕਾਂ ਨੇ ਵਾਲ ਸਟਰੀਟ 'ਚ ਮਾਰਚ ਕੀਤਾ ਅਤੇ ਇਹਨਾਂ ਵਿੱਚੋਂ ਹੀ 200 ਦੇ ਲੱਗਭੱਗ ਲੋਕਾਂ ਨੇ ਵਾਲ ਸਟਰੀਟ ਦੇ ਜ਼ੁਕੋਟੀ ਪਾਰਕ 'ਚ ਪੱਕੇ ਡੇਰੇ ਲਗਾ ਲਏ। 19 ਸਤੰਬਰ ਨੂੰ ਸੱਤ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਪਰ ਲੋਕਾਂ ਦੇ ਹੋਰ ਕਾਫਲੇ ਆ ਕੇ ਜੁੜਦੇ ਰਹੇ। 24 ਸਤੰਬਰ ਨੂੰ ਫਿਰ 80 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਨਿਊਯਾਰਕ ਸ਼ਹਿਰ ਦੇ ਪ੍ਰਸ਼ਾਸਨ ਨੇ ਲੋਕਾਂ ਨੂੰ ਖਦੇੜਨ ਬਾਰੇ ਸੋਚਿਆ ਪਰ ਐਨ ਮੌਕੇ 'ਤੇ ਆਕੇ ਲੋਕਾਂ ਦਾ ਰੋਹ ਹੋਰ ਭੜਕਣ ਦੇ ਡਰੋਂ ਆਪਣਾ ਫੈਸਲਾ ਬਦਲ ਲਿਆ। ਇਸ ਤੋਂ ਬਾਅਦ 1 ਅਕਤੂਬਰ ਨੂੰ ਬਰੂਕਲਿਨ ਪੁਲ 'ਤੇ ਕਬਜ਼ਾ ਕਰਨ ਲਈ ਜਾ ਰਹੇ ਇੱਕ ਮਾਰਚ ਦੌਰਾਨ ਲੱਗਭੱਗ ਸੱਤ ਸੌ ਹੋਰ ਗ੍ਰਿਫਤਾਰੀਆਂ ਹੋਈਆਂ ਜਿਹਨਾਂ 'ਚੋਂ 20 ਨੂੰ ਛੱਡ ਕੇ ਬਾਕੀ ਸਾਰੇ ਅਗਲੇ ਦਿਨ ਰਿਹਾ ਕਰ ਦਿੱਤੇ ਗਏ। 9 ਅਕਤੂਬਰ ਤੱਕ ਇਹ ਲਹਿਰ ਅਮਰੀਕਾ ਦੇ 70 ਤੋਂ ਉੱਪਰ ਸ਼ਹਿਰਾਂ 'ਚ ਫੈਲ ਗਈ ਭਾਵੇਂ ਕੁਝ ਕੁ ਸ਼ਹਿਰਾਂ ਜਿਵੇਂ ਨਿਊਯਾਰਕ, ਬੋਸਟਨ ਆਦਿ ਨੂੰ ਛੱਡ ਕੇ ਭਾਗ ਲੈਣ ਵਾਲੇ ਲੋਕਾਂ ਦੀ ਗਿਣਤੀ ਜ਼ਿਆਦਾ ਨਹੀਂ ਹੈ। 15 ਅਕਤੂਬਰ ਨੂੰ ਦੁਨੀਆਂ ਭਰ ਦਿੱਤੇ ਗਏ 'ਕਬਜ਼ਾ ਕਰੋ' ਦੇ ਸੱਦੇ ਤਹਿਤ ਵੱਖ-ਵੱਖ ਸ਼ਹਿਰਾਂ 'ਚ ਅੰਦਾਜ਼ਨ ਇੱਕ ਲੱਖ ਅਮਰੀਕੀ ਲੋਕਾਂ ਨੇ ਇਸ ਲਹਿਰ ਵਿੱਚ ਹਿੱਸਾ ਲਿਆ। ਸੱਜੇ-ਪੱਖੀ ਅਮਰੀਕੀ ਸਿਆਸੀ ਧਿਰਾਂ ਨੇ ਇਸ ਲਹਿਰ ਨੂੰ ਅਮਰੀਕਾ-ਵਿਰੋਧੀ, ਦੇਸ਼-ਵਿਰੋਧੀ ਹੋਣ ਦਾ ਰੁਟੀਨੀ ਰਾਗ ਅਲਾਪ ਕੇ ਇਸਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਦੀਆਂ 'ਦੇਸ਼-ਭਗਤੀ ਨਾਲ ਲਿੱਬੜੀਆਂ' ਇਹਨਾਂ ਕੋਸ਼ਿਸ਼ਾਂ ਨੂੰ ਬਹੁਤਾ ਬੂਰ ਨਾ ਪਿਆ ਤੇ ਉਹਨਾਂ ਨੇ ਫਿਲਹਾਲ ਕੰਨ ਵਲੇਟ ਕੇ ਤੁਰਨ 'ਚ ਭਲਾ ਸਮਝਿਆ ਹੈ। 15 ਅਕਤੂਬਰ ਨੂੰ ਇਸ ਲਹਿਰ ਨੂੰ ਦੇਖਦੇ ਹੋਏ ਪੂਰੀ ਦੁਨੀਆਂ ਵਿੱਚ 'ਕਬਜ਼ਾ ਕਰੋ' ਦੀਆਂ ਮੁਹਿੰਮਾਂ ਵਿੱਢੀਆਂ ਗਈਆਂ ਜਿਸ ਵਿੱਚ ਦੁਨੀਆਂ ਭਰ ਦੇ 82 ਮੁਲਕਾਂ ਦੇ 961 ਸ਼ਹਿਰਾਂ ਦੇ ਲੋਕ ਸ਼ਾਮਿਲ ਹੋਏ। ਕੁਝ ਸ਼ਹਿਰਾਂ ਜਿਵੇਂ ਰੋਮ, ਲੰਦਨ, ਸਪੇਨ ਦੇ ਸ਼ਹਿਰਾਂ ਨੂੰ ਛੱਡ ਕੇ, ਬਾਕੀਆਂ 'ਚੋਂ ਬਹੁਤੇ ਸ਼ਹਿਰਾਂ ਵਿੱਚ ਇਹ ਮੁਹਿੰਮ ਫਿਲਹਾਲ ਕੋਈ ਵੱਡੀ ਲਹਿਰ ਤਾਂ ਨਹੀਂ ਬਣ ਸਕੀ ਪਰ ਇਸਨੇ ਪੂਰੀ ਦੁਨੀਆਂ 'ਚ ਫੈਲੀ ਬੇਚੈਨੀ ਤੇ ਗੁੱਸੇ ਦੀ ਭਾਵਨਾ ਨੂੰ ਚੰਗੀ ਤਰ੍ਹਾਂ ਦਰਸਾ ਦਿੱਤਾ ਹੈ।

**ਸਰਮਾਏਦਾਰੀ ਦਾ ਸੰਕਟ ਅਤੇ 'ਕਬਜ਼ਾ ਕਰੋ' ਲਹਿਰਾਂ**

'ਕਬਜ਼ਾ ਕਰੋ' ਨਾਂ ਦੀਆਂ ਇਹ ਲਹਿਰਾਂ, ਅਰਬ ਮੁਲਕਾਂ ਦੇ ਵਿਦ੍ਰੋਹ, ਯੂਰਪੀ ਦੇਸ਼ਾਂ ਜਿਵੇਂ ਯੂਨਾਨ, ਸਪੇਨ, ਇਟਲੀ ਵਿੱਚ ਭੜਕੇ ਲੋਕ ਅੰਦੋਲਨ, ਲੰਦਨ 'ਚ ਹੋਏ ਦੰਗੇ ਤੋਂ ਪ੍ਰੇਰਿਤ ਹਨ। ਇਹ ਸਭ ਪੂਰੀ ਦੁਨੀਆਂ ਵਿੱਚ ਹੀ ਨਵ-ਉਦਾਰੀਕਰਣ ਦੀਆਂ ਸਾਮਰਾਜੀ ਨੀਤੀਆਂ ਦੇ ਨਿਕਲੇ ਦਿਵਾਲੇ ਅਤੇ ਇੱਕ ਤੋਂ ਬਾਅਦ ਇੱਕ ਸੰਕਟ 'ਚ ਘਿਰਦੇ ਜਾ ਰਹੇ ਪੂੰਜੀਵਾਦੀ ਸੰਸਾਰ ਅਰਥਚਾਰੇ ਦਾ ਨਤੀਜਾ ਹਨ। ਪਹਿਲਾਂ ਸਬਪ੍ਰਾਇਮ ਸੰਕਟ, ਫਿਰ ਯੂਨਾਨ, ਸਪੇਨ, ਇਟਲੀ ਆਦਿ ਮੁਲਕਾਂ ਦਾ ਕਰਜਾ ਸੰਕਟ ਜਿਸਨੇ ਪੂਰੇ ਯੂਰਪ ਤੇ ਅਮਰੀਕਾ ਨੂੰ ਲਪੇਟੇ 'ਚ ਲੈ ਲਿਆ ਹੈ- ਸੰਕਟ ਦਾ ਇਹ ਅਸਾਧ ਰੋਗ ਹੁਣ ਸਰਮਾਏਦਾਰੀ ਨੂੰ ਚੰਗੀ ਤਰ੍ਹਾਂ ਸਾਹ ਵੀ ਨਹੀਂ ਲੈਣ ਦੇ ਰਿਹਾ।

ਅਮਰੀਕਾ ਹਾਲੇ 1930 ਤੋਂ ਬਾਅਦ ਆਏ ਸਭ ਤੋਂ ਵੱਡੇ ਸੰਕਟ ਭਾਵ 2008 ਦੇ ਸਬਪ੍ਰਾਇਮ ਸੰਕਟ ਤੋਂ ਉਭਰ ਹੀ ਰਿਹਾ ਸੀ ਕਿ ਕਰਜਾ ਸੰਕਟ ਨੇ ਬਰੂਹਾਂ ਮੱਲ ਲਈਆਂ ਹਨ। ਸਬਪ੍ਰਾਇਮ ਸੰਕਟ ਦੌਰਾਨ ਅਤੇ ਬਾਅਦ 'ਚ ਅਮਰੀਕੀ ਸਰਕਾਰ ਇੱਕ ਪਾਸੇ ਸੰਕਟਗ੍ਰਸਤ ਸਰਮਾਏਦਾਰਾਂ ਤੇ ਬੈਂਕਾਂ ਨੂੰ 'ਬੇਲ-ਆਊਟ' ਪੈਕੇਜ ਦੇ ਕੇ ਬਚਾ ਰਹੀ ਹੈ, ਨਾਲ ਹੀ ਸਮਾਜਿਕ ਸੁਰੱਖਿਆ ਦੇ ਪ੍ਰੋਗਰਾਮਾਂ, ਸਿਹਤ, ਸਿੱਖਿਆ ਦੇ ਜਨਤਕ ਖਰਚਿਆਂ 'ਤੇ ਕਟੌਤੀ ਲਾ ਰਹੀ ਹੈ। ਸਿੱਟੇ ਵਜੋਂ, ਆਮ ਲੋਕਾਂ ਨੂੰ ਦੋਹਰੀ ਮਾਰ ਪੈ ਰਹੀ ਹੈ।। ਇੱਕ ਪਾਸੇ ਸਰਕਾਰੀ ਪ੍ਰੋਗਰਾਮਾਂ ਤੋਂ ਮਿਲਣ ਵਾਲੀ ਸਹਾਇਤਾ ਖੁੱਸ ਰਹੀ ਹੈ ਅਤੇ ਦੂਜੇ ਪਾਸੇ ਸੰਕਟ ਕਾਰਨ ਨੌਕਰੀਆਂ ਹੱਥੋਂ ਨਿਕਲ ਰਹੀਆਂ ਹਨ। ਬੇਲ-ਆਊਟ ਪੈਕੇਜਾਂ ਦੇ ਨਾਲ਼ ਰੁਜ਼ਗਾਰ ਪੈਦਾ ਹੋਣ ਦੇ ਜੋ

ਲਾਰੇ ਲੋਕਾਂ ਨੂੰ ਲਾਏ ਗਏ, ਉਹਨਾਂ ਦੀ ਅਸਲੀਅਤ ਵੀ ਬਾਹਰ ਆ ਚੁੱਕੀ ਹੈ ਤੇ ਬੇਰੁਜ਼ਗਾਰੀ ਦੀ ਦਰ ਸਭ ਸਰਕਾਰੀ ਦਾਅਵਿਆਂ ਦੇ ਬਾਵਜੂਦ ਲਗਾਤਾਰ ਵਧ ਰਹੀ ਹੈ। 2008 ਤੋਂ ਚੱਲ ਰਹੇ ਸਰਮਾਏਦਾਰੀ ਦੇ ਸੰਕਟ ਦੀ ਇੱਕ ਹੋਰ ਖਾਸੀਅਤ ਇਹ ਰਹੀ ਹੈ ਕਿ ਇਸ ਨੇ ਆਮ ਕਿਰਤੀ ਲੋਕਾਂ ਦਾ ਤਾਂ ਜੀਣਾ ਮੁਹਾਲ ਕੀਤਾ ਹੀ ਹੈ, ਇਸ ਨੇ ਅਮਰੀਕਾ ਦੇ ਮੁਕਾਬਲਤਨ ਚੰਗੀਆਂ ਤਨਖਾਹਾਂ ਲੈਣ ਵਾਲੇ ਇੱਕ ਅੱਛੇ-ਖਾਸੇ ਤਨਖਾਹਦਾਰ ਮਧਵਰਗੀ ਤਬਕੇ ਨੂੰ ਵੀ ਤੌਣੀਆਂ ਲਿਆ ਦਿੱਤੀਆਂ ਹਨ। ਅਮੀਰੀ ਗਰੀਬੀ ਦਾ ਪਾੜਾ ਇੱਥੋਂ ਤੱਕ ਵੱਧ ਚੁੱਕਾ ਹੈ ਕਿ ਅਮਰੀਕਾ ਦੀ ਉੱਪਰਲੀ 10% ਫੀਸਦੀ ਆਬਾਦੀ ਕੋਲ ਦੇਸ਼ ਦੇ 80% ਵਿੱਤੀ ਸ੍ਰੋਤਾਂ ਦਾ ਕੰਟਰੋਲ ਹੈ ਜਿਸ ਵਿਚੋਂ 40% ਤਾਂ ਉੱਪਰਲੀ 1% ਪਰਤ ਕੋਲ ਹੀ ਹੈ। ਇਸ ਨੇ ਬਹੁਗਿਣਤੀ ਲੋਕਾਂ ਵਿੱਚ ਕਾਰਪੋਰੇਟ ਘਰਾਣਿਆਂ ਅਤੇ ਸਰਕਾਰਾਂ ਪ੍ਰਤੀ ਨਫਰਤ ਅਤੇ ਗੁੱਸਾ ਪੈਦਾ ਕੀਤਾ ਹੈ।

2008 ਦੌਰਾਨ ਹੀ ਇਹ ਖਬਰਾਂ ਵੀ ਆਈਆਂ ਸਨ ਕਿ 'ਬੇਲ-ਆਊਟ' ਪੈਕੇਜ ਮਿਲਣ ਤੋਂ ਕਾਰਪੋਰੇਟ ਘਰਾਣਿਆਂ ਨੇ ਜਸ਼ਨ ਮਨਾਏ, ਵੱਡੀਆਂ-ਵੱਡੀਆਂ ਪਾਰਟੀਆਂ ਕੀਤੀਆਂ ਅਤੇ ਇਹਨਾਂ ਦੇ ਕਰਤੇ-ਧਰਤਿਆਂ ਨੇ ਆਪਣੀਆਂ ਤਨਖਾਹਾਂ 'ਚ ਚੋਖਾ ਵਾਧਾ ਕੀਤਾ। ਬਾਅਦ 'ਚ ਇਹ ਗੱਲ ਸਪੱਸਟ ਤੌਰ 'ਤੇ ਉਭਰ ਕੇ ਸਾਹਮਣੇ ਆ ਗਈ ਕਿ ਸੰਕਟ ਦੇ ਬਾਵਜੂਦ ਸਰਮਾਏਦਾਰਾਂ ਦਾ ਮੁਨਾਫਾ ਚੋਖਾ ਵਧਿਆ, ਜਦਕਿ ਸੰਕਟ ਦੀ ਦੁਹਾਈ ਦੇ ਕੇ ਸਰਕਾਰ ਨੇ ਜਨਤਕ ਪੈਸੇ 'ਚੋਂ ਉਹਨਾਂ ਨੂੰ 'ਬੇਲ-ਆਊਟ' ਦਿੱਤੇ ਗਏ ਸਨ। ਉੱਤਰੀ ਅਮਰੀਕਾ ਦੇ ਉੱਪਰਲੇ 3.4 ਮਿਲੀਅਨ ਅਮੀਰਾਂ ਜਿਹਨਾਂ 'ਚੋਂ ਬਹੁਤਾ ਵੱਡਾ ਹਿੱਸਾ ਅਮਰੀਕਾ ਵਿੱਚ ਰਹਿੰਦਾ ਹੈ, ਦੀ ਦੌਲਤ 'ਚ ਸੰਕਟ ਦੇ ਸਮੇਂ ਦੌਰਾਨ 9% ਦਾ ਵੱਡਾ ਵਾਧਾ ਹੋਇਆ ਅਤੇ ਇਹ 11.9 ਟ੍ਰਿਲੀਅਨ ਅਮਰੀਕੀ ਡਾਲਰ ਤੱਕ ਪੁੱਜ ਗਈ ਹੈ। ਇਸ ਸਭ ਨੇ ਆਮ ਅਮਰੀਕੀ ਨਾਗਰਿਕਾਂ ਦੇ ਮਨਾਂ ਵਿੱਚ ਸੁਪਰ-ਅਮੀਰ ਵਰਗ ਪ੍ਰਤੀ ਨਫਰਤ ਅਤੇ ਗੁੱਸੇ ਨੂੰ ਹੋਰ ਗੂੜ੍ਹਾ ਕਰ ਦਿੱਤਾ।

ਇਸ ਤੋਂ ਇਲਾਵਾ ਉਬਾਮਾ ਦੇ ਰਾਸ਼ਟਰਪਤੀ ਬਣਨ ਸਮੇਂ ਲੋਕਾਂ ਨੇ ਸਿਸਟਮ 'ਚ ਸੁਧਾਰ ਹੋਣ ਦੀਆਂ ਬਹੁਤ ਜ਼ਿਆਦਾ ਉਮੀਦਾਂ ਲਗਾਈਆਂ ਜਿਸ ਵਿੱਚ ਮੀਡੀਆ ਅਤੇ ਸਰਮਾਏਦਾਰੀ ਦੇ ਕਲਮਘਸੀਟਾਂ ਨੇ ਮੁੱਖ ਭੂਮਿਕਾ ਨਿਭਾਈ ਸੀ। ਸਮਾਂ ਬੀਤਣ ਨਾਲ ਲੋਕਾਂ ਖਾਸ ਕਰਕੇ ਮਧਵਰਗ ਅਤੇ ਬੁਧੀਜੀਵੀਆਂ ਦੇ ਸੁਪਨੇ ਟੁੱਟਣੇ ਸ਼ੁਰੂ ਹੋ ਗਏ, ਇਸ ਤਰ੍ਹਾਂ ਉਬਾਮਾ ਪ੍ਰਤੀ ਗੁੱਸਾ ਵੀ ਇਸ ਲਹਿਰ 'ਚ ਲੋਕਾਂ ਦੇ ਸ਼ਾਮਿਲ ਹੋਣ ਦਾ ਕਾਰਨ ਬਣਿਆ। ਜਦੋਂ 17 ਸਤੰਬਰ ਨੂੰ ਕੁਝ ਲੋਕਾਂ ਵੱਲੋਂ ਨਿਊਯਾਰਕ ਦੀ 'ਵਾਲ ਸਟਰੀਟ' 'ਚ ਡੇਰੇ ਲਾਏ ਤਾਂ ਲੋਕਾਂ ਦੀ ਨਫਰਤ ਅਤੇ ਗੁੱਸੇ ਦਾ ਬੰਨ੍ਹ ਟੁੱਟ ਗਿਆ ਅਤੇ ਲਗਾਤਾਰ ਮਾਰਚਾਂ-ਰੈਲੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

**ਲਹਿਰ ਦੀ ਆਰਥਿਕ-ਰਾਜਨੀਤਕ ਰੰਗਤ**

2011 ਦੇ ਮੱਧ 'ਚ ਇੱਕ ਕੇਨੇਡਾ ਦੇ ਉਪਭੋਗਤਾਵਾਦ-ਵਿਰੋਧੀ ਤੇ ਵਾਤਾਵਰਨ-ਐਕਟੀਵਿਜ਼ਮ ਨਾਲ਼ ਸੰਬੰਧਿਤ ਇੱਕ ਮੈਗਜ਼ੀਨ 'ਐਡਬਸਟਰ' ਨੇ ਇੱਕ ਇਸ਼ਤਿਹਾਰ ਛਾਪ ਕੇ ਵੱਧ ਰਹੇ ਆਰਥਿਕ ਪਾੜੇ, ਰਾਜਨੀਤੀ 'ਚ ਕਾਰਪੋਰੇਟ ਜਗਤ ਦੀ ਦਖਲਅੰਦਾਜ਼ੀ ਅਤੇ ਆਰਥਿਕ ਮੰਦੀ ਤੋਂ ਬਾਅਦ ਕਿਸੇ ਕਾਰਪੋਰੇਟ ਖਿਲਾਫ ਕੋਈ ਕਾਨੂੰਨੀ ਕਾਰਵਾਈ ਨਾ ਹੋਣ ਪ੍ਰਤੀ ਵਿਰੋਧ ਪ੍ਰਗਟ ਕਰਨ ਲਈ 17 ਸਤੰਬਰ ਨੂੰ 'ਵਾਲ ਸਟਰੀਟ 'ਤੇ ਸ਼ਾਂਤੀਪੂਰਵਕ ਕਬਜ਼ਾ ਕਰਨ' ਦਾ ਸੱਦਾ ਦਿੱਤਾ। ਬਾਅਦ ਵਿੱਚ ਹੋਰ ਲੋਕੀਂ ਅਤੇ ਕਈ ਸਾਰੇ ਗਰੁੱਪ ਇਸ ਵਿੱਚ ਸ਼ਾਮਿਲ ਹੋ ਗਏ, ਪਰ ਮੋਟੇ ਤੌਰ ਇਹ ਲਹਿਰ ਅਗਵਾਈ-ਰਹਿਤ ਹੀ ਰਹੀ ਹੈ। ਇਸ ਵਿੱਚ 'ਚ ਕੋਈ ਇੱਕ ਤਰ੍ਹਾਂ ਦੀ ਰਾਜਨੀਤਕ ਰੰਗਤ ਵਾਲੇ ਲੋਕ ਸ਼ਾਮਿਲ ਨਹੀਂ ਹਨ। ਇਸ ਵਿੱਚ ਇੱਕ ਪਾਸੇ ਤਾਂ ਡੈਮੋਕ੍ਰੇਟਿਕ ਪਾਰਟੀ ਦੇ 'ਕਾਡਰ' ਤੇ ਉਦਾਰਪੰਥੀ ਹਨ ਜੋ ਇਸ ਲਹਿਰ ਤੋਂ 2012 'ਚ ਆ ਰਹੀਆਂ ਰਾਸ਼ਟਰਪਤੀ ਚੋਣਾਂ ਲਈ ਉਬਾਮਾ ਲਈ ਰਾਜਨੀਤਕ ਫਾਇਦਾ ਲੈਣ ਦੀ ਕੋਸ਼ਿਸ਼ ਵਿੱਚ ਹਨ ਜਿਹਨਾਂ ਦੀ ਮਦਦ ਅਮਰੀਕਾ ਦੇ 'ਦ ਨੇਸ਼ਨ' ਜਿਹੇ ਅਖਬਾਰ ਵੀ ਕਰ ਰਹੇ ਹਨ। ਦੂਜੇ ਪਾਸੇ ਇਸ ਵਿੱਚ ਖੱਬੇ-ਪੱਖੀ ਟਰੇਡ-ਯੂਨੀਅਨਾਂ, ਅਰਾਜਕਤਾਵਾਦੀ ਅਤੇ ਸੋਸ਼ਲਿਸਟ ਰੰਗਤਾਂ ਦੇ ਗਰੁੱਪ ਸ਼ਾਮਿਲ ਹਨ ਤੇ ਨਾਲ਼ ਵੱਖੋ-ਵੱਖਰੇ ਐਨ. ਜੀ. ਓ. ਬਰਾਂਡ ਤੇ 'ਬਰਾਂਡ ਅੰਬੇਸਡਰ' ਵੀ ਖੂਬ 'ਜਮਹੂਰੀਅਤ' 'ਜਮਹੂਰੀਅਤ' ਚੀਕ ਰਹੇ ਹਨ। ਸਲਾਵੋਜ ਜ਼ਿਜੇਕ ਜਿਹੇ ਦਾਰਸ਼ਨਿਕ, ਪਾਲ ਕਰੁਗਮੈਨ ਵਰਗੇ ਅਰਥਸ਼ਾਸਤਰੀ ਅਤੇ ਹੋਰ ਬਹੁਤ ਸਾਰੇ ਸਮਾਜਿਕ ਕਾਰਕੁੰਨ ਵੀ ਲੋਕਾਂ ਨੂੰ ਸੰਬੋਧਨ ਕਰਨ ਵਾਲਿਆਂ ਦੀ ਲਿਸਟ 'ਚ ਸ਼ਾਮਿਲ ਹਨ।

ਜਦੋਂ ਅਸੀਂ ਇਸ ਲਹਿਰ 'ਚ ਸ਼ਾਮਿਲ ਤੱਤਾਂ ਦੀ ਆਰਥਿਕ ਲਿਹਾਜ ਤੋਂ ਵਰਗੀਕਰਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇਹ ਸਾਂਝ ਹੋਰ ਵੀ ਉਭਰ ਕੇ ਸਾਹਮਣੇ ਆਉਂਦੀ ਹੈ। ਇਸ ਲਹਿਰ 'ਚ ਬੇਰੁਜ਼ਗਾਰ ਨੌਜਵਾਨ, ਰੁਜ਼ਗਾਰ ਗੁਆ ਬੈਠੇ ਲੋਕ, ਪੈਨਸ਼ਨਰ ਅਤੇ ਉਹ ਲੋਕ ਸ਼ਾਮਿਲ ਹਨ ਜਿਹਨਾਂ ਦਾ ਸੰਕਟ ਕਾਰਨ ਆਮਦਨ ਘਟਣ ਕਾਰਨ ਜੀਵਨ-ਸਤਰ ਪਹਿਲਾਂ ਨਾਲੋਂ ਨੀਵਾਂ ਹੋ ਗਿਆ ਹੈ। ਅਮੀਰੀ-ਗਰੀਬੀ ਦਾ ਵੱਧ ਰਿਹਾ ਪਾੜਾ ਤੇ ਅਮੀਰ ਸਰਮਾਏਦਾਰਾਂ ਪ੍ਰਤੀ ਨਫਰਤ, ਜਨਤਕ ਸਹੂਲਤਾਂ ਦੀ ਕੀਮਤ 'ਤੇ ਸਰਮਾਏਦਾਰ ਘਰਾਣਿਆਂ ਤੇ ਬੈਂਕਾਂ ਨੂੰ ਟੈਕਸ-ਛੋਟਾਂ ਤੇ ਹੋਰ ਰਿਆਇਤਾਂ ਅਤੇ ਭਵਿੱਖ ਦੀ ਚਿੰਤਾ ਉਹ ਕਾਰਨ ਹਨ ਜਿਹਨਾਂ ਨੇ ਇਸ ਆਪ-ਮੁਹਾਰੀ ਲਹਿਰ ਨੂੰ ਆਪਣੇ ਰੰਗਰੂਟ ਦਿੱਤੇ ਹਨ। ਪਰ ਜੋ ਪੱਖ ਧਿਆਨ ਦੇਣ ਯੋਗ ਹੈ, ਉਹ ਇਹ ਹੈ ਕਿ ਭਾਵੇਂ ਇਸ ਵਿੱਚ ਸ਼ਾਮਿਲ ਲੋਕ ਆਪਣੇ ਆਪ ਨੂੰ ਉਹ '99%' ਅਮਰੀਕੀ ਲੋਕ ਦੱਸਦੇ ਹਨ ਜਿਹੜੇ ਅਮਰੀਕਾ ਦੀ ਦੌਲਤ ਦੇ ਵੱਡੇ ਹਿੱਸੇ 'ਤੇ ਕਬਜ਼ਾ ਕਰਕੇ ਬੈਠੇ ਉੱਪਰਲੇ 1% ਧਨਾਢ ਸਰਮਾਏਦਾਰਾਂ ਦੇ ਸਤਾਏ ਹੋਏ ਹਨ ਤੇ ਹੁਣ ਇਸ 1% ਦੇ ਕਬਜੇ ਤੋਂ ਅਮਰੀਕੀ ਸਮਾਜ ਨੂੰ ਮੁਕਤ ਕਰਾਉਣ ਲਈ ਲੜ ਰਹੇ ਹਨ, ਪਰ ਅਸਲੀਅਤ ਇਹ ਹੈ ਕਿ ਇਹਨਾਂ '99%' ਚੋਂ ਵੀ ਉੱਪਰਲੇ '19%' ਵੀ ਮੁੱਖ ਤੌਰ 'ਤੇ ਸ਼ਾਮਿਲ ਨਹੀਂ ਹਨ। ਇਹ '19%' ਅਮਰੀਕੀ ਆਬਾਦੀ ਦਾ ਉਹ ਹਿੱਸਾ ਹੈ ਜੋ ਭਾਵੇਂ ਕਾਰਪੋਰੇਟ ਸਰਮਾਏਦਾਰਾਂ ਜਿੰਨਾ ਅਮੀਰ ਤਾਂ ਨਹੀਂ ਹੈ, ਪਰ ਇਸ ਕੋਲ ਵੀ ਅਮਰੀਕਾ ਦੀ ਦੌਲਤ ਅੱਛਾ-ਖਾਸਾ ਹਿੱਸਾ ਹੈ। ਇਸ ਲਹਿਰ 'ਚੋਂ ਮਜ਼ਦੂਰ ਜਮਾਤ ਲੱਗਭੱਗ ਗੈਰ-ਹਾਜ਼ਿਰ ਹੈ। ਕੁਝ ਯੂਨੀਅਨਾਂ ਇਸ ਦੀ ਹਮਾਇਤ ਵਿੱਚ ਆਈਆਂ

ਹਨ ਪਰ ਇਹ ਜਿਆਦਾਤਰ 'ਵਾਈਟ-ਕਾਲਰ' ਵਰਕਰਾਂ ਦੀਆਂ ਯੂਨੀਅਨਾਂ ਹਨ ਜੋ ਅਮਰੀਕੀ ਮਧਵਰਗ ਦਾ ਹਿੱਸਾ ਬਣ ਚੁੱਕੇ ਹਨ।

ਇਸ ਲਹਿਰ 'ਚ ਸ਼ਾਮਿਲ ਬੇਰੁਜਗਾਰਾਂ 'ਚੋਂ ਬਹੁਤੇ ਨੌਜਵਾਨ ਤੇ ਪੜ੍ਹੇ-ਲਿਖੇ ਹਨ ਜਿਹਨਾਂ 'ਚੋਂ ਬਹੁਤਿਆਂ ਦੀ ਪਾਲਣਾ ਉਸ ਦੌਰ 'ਚ ਹੋਈ ਜਦੋਂ ਆਰਥਿਕ ਬੂਮ ਦਾ ਢੰਡੋਰਾ ਪਿੱਟਿਆ ਜਾ ਰਿਹਾ ਸੀ। ਮਧਵਰਗੀ ਨੌਜਵਾਨਾਂ ਸਾਹਮਣੇ ਡਿਗਰੀਆਂ ਤੋਂ ਮੋਟੀਆਂ ਤਨਖਾਹਾਂ ਦੇ ਪੈਕੇਜਾਂ ਦੇ ਸੁਪਨੇ ਤੈਰਦੇ ਰਹਿੰਦੇ ਸਨ। ਇਹ ਤਬਕਾ ਇੱਕ ਅਜਿਹੇ ਸਮੇਂ ਪੈਦਾ ਹੋਇਆ ਜਦੋਂ ਪੂਰੇ ਸੰਸਾਰ ਅੰਦਰ 'ਵਿਚਾਰਧਾਰਾ ਦੇ ਅੰਤ' ਦਾ ਬੋਲਬਾਲਾ ਸੀ ਅਤੇ ਸਮਾਜ ਦਾ ਤੇ ਵਿਦਿਅਕ ਸੰਸਥਾਵਾਂ ਦਾ ਗੈਰ-ਰਾਜਨੀਤੀਕਰਨ ਤੇ ਗੈਰ-ਜਮਹੂਰੀਕਰਨ ਜ਼ੋਰਾਂ 'ਤੇ ਸੀ। ਇਸ ਪੀੜ੍ਹੀ ਦੀ ਇਹ ਤਰਾਸਦੀ ਹੈ ਕਿ ਸੰਕਟ ਦੇ ਸਮੇਂ ਇਹ ਪੂਰੀ ਤਰ੍ਹਾਂ ਤਿਆਰੀ-ਰਹਿਤ ਹੈ, ਇੱਕ ਪਾਸਿਓਂ ਤਾਂ ਪੂਜੀਵਾਦ ਦੇ ਸੰਕਟ ਕਾਰਨ ਇਹਨਾਂ ਦੇ ਸੁਪਨੇ ਟੁੱਟਣ ਤੋਂ ਪੈਦਾ ਹੋਈ ਸਥਿਤੀ ਨਾਲ ਸੁਰਮੇਲ ਸਥਾਪਤ ਕਰਨ ਅਤੇ ਨਾਲ ਹੀ ਇਸ ਰਾਜਨੀਤਕ-ਆਰਥਿਕ ਸੰਕਟ ਨੂੰ ਚੰਗੀ ਤਰ੍ਹਾਂ ਸਮਝਣ ਤੇ ਭਵਿੱਖ ਦੀ ਆਪਣੀ ਦਿਸ਼ਾ ਕਰਨ ਲਈ ਇਹਨਾਂ ਦੀ ਕੋਈ ਤਿਆਰੀ ਨਹੀਂ ਸੀ। ਇੰਨੀਆਂ ਸਖਤ ਔਕੜਾਂ ਦਾ ਅੰਦਾਜਾ ਇਸ ਪੀੜ੍ਹੀ ਨੂੰ ਬਿਲਕੁਲ ਵੀ ਨਹੀਂ ਸੀ, ਅਤੇ ਹੁਣ ਇਹ ਨੌਜਵਾਨ ਆਪਣੇ ਆਪ ਨੂੰ ਠੱਗੇ ਗਏ ਅਨੁਭਵ ਕਰਦੇ ਹਨ ਨਤੀਜਤਨ ਇਹਨਾਂ ਦਾ ਗੁੱਸਾ ਆਪ-ਮੁਹਾਰਾ ਹੋਕੇ ਫੁੱਟ ਰਿਹਾ ਹੈ। ਇਹਨਾਂ ਨੂੰ ਮੌਜੂਦਾ ਢਾਂਚੇ ਨਾਲ ਸਖਤ ਨਫਰਤ ਹੈ ਪਰ ਭਵਿੱਖ ਦਾ ਨਕਸ਼ਾ ਤੇ ਉਸ ਵੱਲ ਵਧਣ ਦਾ ਰਸਤਾ ਫਿਲਹਾਲ ਹੈ ਨਹੀਂ।

ਦੂਜੇ ਪਾਸੇ ਪੁਰਾਣੀ ਪੀੜ੍ਹੀ ਨਾਲ ਸੰਬੰਧਿਤ ਜਿਹੜੇ ਲੋਕ ਇਸ ਲਹਿਰ 'ਚ ਸ਼ਾਮਿਲ ਹਨ ਉਹਨਾਂ ਦਾ ਵੱਡਾ ਹਿੱਸਾ ਅਮਰੀਕੀ ਸਰਮਾਏਦਾਰੀ ਦੇ ਅਜੋਕੇ ਦੌਰ ਨੂੰ ਤਾਂ ਨਫਰਤ ਕਰਦਾ ਹੈ ਪਰ ਉਹ 'ਕੀਨਸਿਆਈ ਨੁਸਖਿਆਂ' 'ਤੇ ਆਧਾਰਤ ਪੁਰਾਣੇ 'ਕਲਿਆਣਕਾਰੀ ਪੂੰਜੀਵਾਦ' ਨੂੰ ਹਾਲੇ ਵੀ ਸ਼ਿੱਦਤ ਨਾਲ ਯਾਦ ਵੀ ਕਰਦਾ ਹੈ ਅਤੇ 'ਪੁਰਾਣੇ ਸੁਨਹਿਰੀ ਦਿਨ' ਵਾਪਿਸ ਲਿਆਉਣ ਲਈ ਲੋਚਦਾ ਹੈ। ਇਹ ਤਬਕਾ ਇੱਕ ਤਾਂ ਸਰਮਾਏਦਾਰੀ ਦੀ ਇਤਿਹਾਸਕ ਤੋਰ ਨੂੰ ਨਹੀਂ ਸਮਝਦਾ, ਇਹ ਲੋਕ ਬੱਸ ਇੰਨਾ ਕੁ ਚਾਹੁੰਦੇ ਹਨ ਕਿ ਸਰਮਾਏਦਾਰੀ 'ਸਭਨਾਂ ਦਾ ਖਿਆਲ ਰੱਖੇ', ਰੁਜ਼ਗਾਰ ਦੇ ਮੌਕੇ ਉਹ ਵੀ ਚੰਗੀ ਤਨਖਾਹ ਵਾਲੇ, ਬਣਾਈ ਰੱਖੇ ਅਤੇ ਕੁਝ ਸੁਪਰ-ਅਮੀਰਾਂ ਦੇ ਹੱਥਾਂ 'ਚ ਦੇਸ਼ ਦੀ ਦੌਲਤ ਦਾ ਕੇਂਦਰੀਕਰਨ ਨਾ ਹੋਣ ਦੇਵੇ।

'ਅਮੀਰਾਂ 'ਤੇ ਟੈਕਸ ਲਾਓ' 'ਰਾਜਨੀਤੀ 'ਚ ਪੈਸੇ ਦਾ ਦਖਲ ਘੱਟ ਕਰਨ' ਜਿਹੇ ਕੁਝ ਕੁ ਨਾਹਰਿਆਂ ਨੂੰ ਛੱਡ ਕੇ ਇਹ ਲਹਿਰ ਹਾਲੇ ਤੱਕ ਨਾ ਤਾਂ ਬਹੁਤੀਆਂ ਠੋਸ ਮੰਗਾਂ ਹੀ ਪੇਸ਼ ਕਰ ਸਕੀ ਹੈ, ਇਸ ਲਹਿਰ ਦਾ ਮੁੱਖ ਨਾਅਰਾ ਹੈ- "ਅਸੀਂ 99% ਹਾਂ।" ਇਹ ਨਾਅਰਾ ਵੀ 2000 ਦੀਆਂ ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਡੈਮੋਕ੍ਰੈਟ ਉਮੀਦਵਾਰ ਅਲ ਗੋਰ ਵੱਲੋਂ ਜਾਰਜ ਬੁਸ਼ 'ਤੇ ਉੱਪਰਲੇ 1% ਲੋਕਾਂ ਲਈ ਕੰਮ ਕਰਨ ਦੇ 'ਇਲਜ਼ਾਮ' ਤੋਂ ਪ੍ਰੇਰਤ ਸਮਝਿਆ ਜਾਂਦਾ ਹੈ। "ਵਾਲ ਸਟਰੀਟ ਨੂੰ ਤਬਾਹ ਕਰ ਦਿਓ", "ਅਮੀਰਾਂ ਨੂੰ ਖਾ ਜਾਓ" "ਹਰ ਕੋਈ ਨੇਤਾ ਹੈ" ਜਿਹੇ ਹੋਰ ਬਹੁਤ ਸਾਰੇ ਪੋਸਟਰਾਂ ਨਾਲ ਇਹ ਲਹਿਰ ਦੱਬੀ ਪਈ ਹੈ। ਰਾਜਨੀਤਕ ਪੱਖੋਂ ਤਾਂ ਇਹ ਲਹਿਰ ਇੰਨੀ ਕਮਜ਼ੋਰ ਹੈ ਕਿ ਇਸ ਦਾ ਵੱਡਾ ਹਿੱਸਾ ਇਸ ਨੂੰ 'ਅਰਾਜਨੀਤਕ' ਮੰਨਦਾ ਹੈ ਜਾਂ ਅਜਿਹਾ ਬਣਾ ਕੇ ਰੱਖਣਾ ਚਾਹੁੰਦਾ ਹੈ। ਇਹ 'ਅਰਾਜਨੀਤਕ' ਜੁਮਲਾ ਐਨ. ਜੀ. ਓ. ਪੰਥੀਆਂ ਨੂੰ ਖੂਬ ਲੁਭਾ ਰਿਹਾ ਹੈ, ਉਹ ਇਸ ਲਹਿਰ ਨੂੰ ਸਿਰਫ 'ਭ੍ਰਿਸ਼ਟ' ਰਾਜਨੇਤਾਵਾਂ ਤੋਂ ਤੰਗ ਆਏ ਲੋਕਾਂ ਦੀ ਲਹਿਰ ਬਣਾ ਦਿੰਦੇ ਹਨ। ਉਹਨਾਂ ਅਨੁਸਾਰ ਲੋਕ 'ਭ੍ਰਿਸ਼ਟ' ਰਾਜਨੀਤੀ ਤੋਂ ਇੰਨਾ ਤੰਗ ਹਨ ਕਿ ਹੁਣ ਲੋਕ ਲਹਿਰਾਂ ਦਾ ਚਰਿਤਰ 'ਆਰਾਜਨੀਤਕ' ਹੀ ਹੋ ਸਕਦਾ ਹੈ। ਉਹ ਰਾਜਨੀਤੀ ਨੂੰ ਆਰਥਿਕ ਢਾਂਚੇ ਨਾਲੋਂ ਅਲੱਗ ਕਰਕੇ ਪੇਸ਼ ਕਰਦੇ ਹਨ ਅਤੇ ਇਸ ਤਰ੍ਹਾਂ ਉਹ ਇਸ ਲਹਿਰ ਨੂੰ ਸਰਮਾਏਦਾਰੀ ਸਮਾਜ ਦੀਆਂ ਹੱਦਾਂ ਅੰਦਰ ਸਮੇਟਣ ਦੀ ਪੂਰੀ ਟਿੱਲ ਲਾ ਰਹੇ ਹਨ। ਲਹਿਰ 'ਚ ਘੁਸੇ ਹੋਏ ਡੈਮੋਕ੍ਰੇਟਿਕ ਪਾਰਟੀ ਦੇ ਕਾਡਰ ਜਿਵੇਂ 'ਇੰਟਰਨੈਸ਼ਨਲ ਸੋਸ਼ਲਿਸਟ ਆਰਗੇਨਾਈਜੇਸ਼ਨ' ਤੇ ਇਸ ਨਾਲ ਜੁੜੀਆਂ ਟ੍ਰੇਡ-ਯੂਨੀਅਨਾਂ ਜਿਹੜੀਆਂ ਡੈਮੋਕ੍ਰੇਟਿਕ ਪਾਰਟੀ ਦੇ ਵੋਟ ਬੈਂਕ ਨੂੰ ਬਣਾਈ ਰੱਖਣ ਦਾ ਕੰਮ ਕਰਦੀਆਂ ਹਨ, 'ਦ ਨੇਸ਼ਨ' ਜਿਹੇ ਅਖਬਾਰਾਂ ਦੀ ਮਦਦ ਨਾਲ ਰਾਸ਼ਟਰਪਤੀ ਉਬਾਮਾ 'ਤੇ 'ਲੋਕਾਂ ਦੀ ਆਵਾਜ਼ ਸੁਣਨ', 'ਬਾਲਕੋਨੀ 'ਚੋਂ ਲੋਕਾਂ ਦੀ ਨਵੀਂ ਤਾਕਤ ਵੱਲ ਵੇਖਣ' ਤੇ ਨਵੇਂ ਸਮੇਂ ਨਾਲ ਚੱਲਣ ਲਈ ਪੂਰਾ ਜ਼ੋਰ ਪਾ ਰਹੀਆਂ ਹਨ। ਉਬਾਮਾ ਸਾਬ੍ਹ ਨੇ ਇਹਨਾਂ ਦੀ 'ਸੁਹਿਰਦ' ਕੋਸ਼ਿਸ਼ ਨੂੰ ਧਿਆਨ 'ਚ ਰੱਖਦੇ ਹੋਏ 15 ਅਕਤੂਬਰ ਨੂੰ '99%' ਲਈ ਕੰਮ ਕਰਨ ਪ੍ਰਤੀ ਆਪਣੀ 'ਵਚਨਬੱਧਤਾ' ਪ੍ਰਗਟ ਵੀ ਕਰ ਦਿੱਤੀ ਹੈ। ਇਹਨਾਂ ਦਾ ਮੁੱਖ ਜ਼ੋਰ ਵੀ 'ਭ੍ਰਿਸ਼ਟ ਰਾਜਨੀਤੀ' ਤੇ ਰਹਿੰਦਾ ਹੈ, ਆਰਥਿਕ ਢਾਂਚੇ ਬਾਰੇ ਜਿਸ ਦਾ ਪਾਲਣ-ਪੋਸ਼ਣ ਰਾਜਨੀਤਕ ਢਾਂਚਾ ਕਰਦਾ ਹੈ, ਜ਼ੁਬਾਨ ਖੋਲਣਾ ਵਾਜਿਬ ਨਹੀਂ ਸਮਝਦੇ। ਇਹਨਾਂ ਸਭ ਦੇ ਰੌਲੇ-ਰੱਪੇ ਦਾ ਸਾਰਤੱਤ ਇਹ ਹੈ ਕਿ "ਮੰਨਿਆ ਕਿ ਰਾਜਨੀਤਕ ਢਾਂਚਾ ਭ੍ਰਿਸ਼ਟ ਹੈ, ਪਰ ਇਸਨੂੰ ਇੱਕ ਮੌਕਾ ਹੋਰ ਮਿਲਣਾ ਚਾਹੀਦਾ ਹੈ।"

ਦੂਜੇ ਪਾਸੇ ਕੁਝ ਖੱਬੀਆਂ ਧਿਰਾਂ ਨੂੰ ਇਸ ਲਹਿਰ 'ਚੋਂ ਅਮਰੀਕੀ ਇਨਕਲਾਬ ਦਾ ਫੁਟਾਰਾ ਦਿਖ ਰਿਹਾ ਹੈ ਅਤੇ ਕੁਝ ਹੋਰ ਇਸਨੂੰ ਨਿੱਕ-ਬੁਰਜੂਆ ਕਹਿ ਕੇ ਕਿਨਾਰੇ ਬੈਠੇ ਹਨ। ਅਰਾਜਕਤਾਵਾਦੀ ਜਿੱਥੇ ਇਸ ਲਹਿਰ ਨੂੰ ਉਦਾਰਪੰਥੀਆਂ, ਸੁਧਾਰਵਾਦੀਆਂ ਤੋਂ ਬਚਾਉਣਾ ਚਾਹੁੰਦੇ ਹਨ, ਉੱਥੇ ਉਹਨਾਂ ਨੂੰ ਇਸ ਦੇ 'ਪ੍ਰੋਲੇਤਾਰੀ ਤਾਨਾਸ਼ਾਹੀ' ਵੱਲ ਭਟਕ ਜਾਣ ਦਾ ਫਿਕਰ ਵੀ ਸਤਾ ਰਿਹਾ ਹੈ। ਇਸ ਤੋਂ ਇਲਾਵਾ ਇਸ ਪੂਰੀ ਲਹਿਰ ਨੂੰ ਐਨ. ਜੀ. ਓ. ਦੁਆਰਾ ਖੜ੍ਹੀ ਕੀਤੀ ਹੋਣ ਦੇ ਦਾਵੇ ਵੀ ਕੀਤੇ ਜਾ ਰਹੇ ਹਨ, ਜਿਹਨਾਂ 'ਚ ਕਿੰਨੀ ਕੁ ਸਚਾਈ ਹੈ ਇਹ ਤਾਂ ਹਾਲੇ ਸਮਾਂ ਹੀ ਦੱਸੇਗਾ। ਇਹਨਾਂ ਸਭ ਰੰਗਾਂ ਦੇ ਨਾਲ ਹੀ ਇਸ ਲਹਿਰ ਅੰਦਰ ਸਰਮਾਏਦਾਰੀ ਆਰਥਿਕ ਢਾਂਚੇ ਨੂੰ ਅਸਲ ਸਮੱਸਿਆ ਸਮਝਣ ਦੀ ਚੇਤਨਾ ਦਾ ਵੀ ਪ੍ਰਗਟਾਵਾ ਹੋ ਰਿਹਾ ਹੈ ਅਤੇ ਇਸ ਗੱਲ ਦੀ

**(ਬਾਕੀ ਹਿੱਸਾ ਪੰਨਾ 12 'ਤੇ)**

ਭਾਰਤ, ਚੀਨ ਅਤੇ ਯੂਰਪ ਦੇ ਕਈ ਅਰਥਚਾਰੇ ਭਾਰੇ ਸੰਕਟ ਵਿੱਚ ਫਸ ਜਾਣਗੇ। ਇੱਕ ਸੰਸਾਰ ਕਰੰਸੀ ਦੇ ਰੂਪ ਵਿੱਚ ਡਾਲਰ ਦੀ ਹੈਜੇਮਨੀ ਵਾਸਤੇ ਸੰਕਟ ਖੜਾ ਹੋ ਜਾਵੇਗਾ।

ਕਰਜ਼ਾ ਸੰਕਟ ਤੋਂ ਛੁਟਕਾਰਾ ਪਾਉਣ ਦਾ ਅਮਰੀਕੀ ਸਰਕਾਰ ਕੋਲ਼ ਚੌਥਾ ਰਾਹ ਹੈ, ਅਮਰੀਕਾ ਦੇ ਆਮ ਲੋਕਾਂ 'ਤੇ ਕੀਤੇ ਜਾਣ ਵਾਲ਼ੇ ਖਰਚੇ ਵਿੱਚ ਕਟੌਤੀ। ਇਹੀ ਹੁਣ ਅਮਰੀਕੀ ਹਾਕਮ ਕਰਨ ਦੀ ਸੋਚ ਰਹੇ ਹਨ। ਪਰ ਇਸ ਨਾਲ਼ ਅਮਰੀਕੀ ਹਾਕਮਾਂ ਨੂੰ ਅਮਰੀਕੀ ਕਿਰਤੀ ਲੋਕਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਜਿਸ ਤਰ੍ਹਾਂ ਕਰਜ਼ਾ ਸੰਕਟ ਵਿੱਚ ਫਸੇ ਗਰੀਸ ਅਤੇ ਸਪੇਨ ਦੇ ਹਾਕਮ ਲੋਕਾਂ ਦੇ ਜ਼ਬਰਦਸਤ ਵਿਰੋਧ ਦਾ ਸਾਹਮਣਾ ਕਰ ਰਹੇ ਹਨ। ਦੂਜਾ, ਜੇਕਰ ਅਮਰੀਕਾ ਵਿੱਚ ਸਮਾਜਿਕ ਖਰਚੇ (ਆਮ ਲੋਕਾਂ 'ਤੇ ਕੀਤਾ ਜਾਣ ਵਾਲ਼ਾ ਖਰਚਾ) ਵਿੱਚ ਕਟੌਤੀ ਹੁੰਦੀ ਹੈ ਤਾਂ ਇਸ ਨਾਲ਼ ਅਮਰੀਕੀ ਲੋਕਾਂ ਦੀ ਖਰੀਦ ਸ਼ਕਤੀ ਸੁੰਗੜੇਗੀ ਅਤੇ ਅਮਰੀਕਾ ਵਿੱਚ ਆਰਥਕ ਸੰਕਟ ਹੋਰ ਡੂੰਘੇਰਾ ਹੋ ਜਾਵੇਗਾ।

ਕੁੱਲ ਮਿਲ਼ਾ ਕੇ ਦੇਖਿਆ ਜਾਵੇ ਤਾਂ ਅਮਰੀਕੀ ਸਾਮਰਾਜਵਾਦ ਅਤੇ ਸੰਕਟਗ੍ਰਸਤ ਸੰਸਾਰ ਸਰਮਾਏਦਾਰੀ ਦੇ ਚੌਧਰੀਆਂ ਕੋਲ਼ ਵਰਤਮਾਨ ਸੰਕਟ ਤੋਂ ਬਚ ਨਿਕਲਣ ਦਾ ਕੋਈ ਰਾਹ ਨਹੀਂ ਹੈ। ਆਉਣ ਵਾਲ਼ੇ ਦਿਨਾਂ ਵਿੱਚ ਅਮਰੀਕਾ ਅਤੇ ਸੰਸਾਰ ਸਰਮਾਏਦਾਰੀ ਦਾ ਸੰਕਟ ਹੋਰ ਜ਼ਿਆਦਾ ਡੂੰਘਾ ਹੋਵੇਗਾ। ਇਸਦੇ ਸਪਸ਼ਟ ਸੰਕੇਤ ਹੁਣ ਤੋਂ ਹੀ ਮਿਲ਼ ਰਹੇ ਹਨ। ਕੀ ਸੰਸਾਰ ਪ੍ਰੋਲੇਤਾਰੀ ਸਰਮਾਏਦਾਰੀ ਦੇ ਇਸ ਸੰਕਟ ਨੂੰ ਇਨਕਲਾਬੀ ਸੰਕਟ ਵਿੱਚ ਬਦਲ ਸਕੇਗਾ ? ਇਕ ਤੋਂ ਮਗਰੋਂ ਇਕ ਸੰਕਟ ਵਿੱਚ ਫਸ ਰਹੇ ਅਤੇ ਸੰਕਟਾਂ ਵਿੱਚੋਂ ਨਿਕਲਣ 'ਚ ਨਾਕਾਮ ਸੰਸਾਰ ਸਰਮਾਏਦਾਰੀ ਨੂੰ ਸੰਸਾਰ ਪ੍ਰੋਲੇਤਾਰੀ ਜਮਾਤ ਉਸਦੀ ਕਬਰ ਤੱਕ ਪਹੁੰਚਾਏਗੀ ? ਇਹਨਾਂ ਸਵਾਲਾਂ ਦੇ ਜਵਾਬ ਭਵਿੱਖ ਦੇ ਗਰਭ ਵਿੱਚ ਲੁਕੇ ਹੋਏ ਹਨ। ਪਰ ਇੰਨਾ ਤਾਂ ਪਕੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇਹ ਮਰਨ-ਕਿਨਾਰੇ ਪਈ ਪਰਜੀਵੀ ਸਰਮਾਏਦਾਰੀ ਮਨੁੱਖਤਾ ਦੇ ਮੋਢਿਆਂ 'ਤੇ ਇੱਕ ਅਸਹਿਣਯੋਗ ਭਾਰ ਬਣ ਚੁੱਕੀ ਹੈ। ਅਤੇ ਅਜ ਜਾਂ ਕੱਲ ਮਨੁੱਖਤਾ ਲਾਜ਼ਮੀ ਹੀ ਇਸ ਭਾਰ ਨੂੰ ਲਾਹ ਮਾਰੇਗੀ।

• • • • • • • • •

(ਪੰਨਾ 23 ਦਾ ਬਾਕੀ ਹਿੱਸਾ)

ਕੋਰੀਆ 1950-53; ਪਿਊਰਟੋ ਰਿਕੋ 1950; ਗਵਾਟੇਮਾਲਾ 1954; ਮਿਸਰ 1956; ਲੇਬਨਾਨ 1958; ਪਨਾਮਾ 1958; ਕਿਊਬਾ 1962; ਡੋਮੀਨਿਕਨ ਰੀਪਬਲਿਕ 1965; ਵਿਅਤਨਾਮ 1965-75; ਗਵਾਟੇਮਾਲਾ 1967; ਓਮਾਨ 1970; ਇਰਾਨ 1980; ਅਲ-ਸਲਵਾਡੋਰ 1981; ਨਿਕਾਰਾਗੁਆ 1981; ਗਰੇਨਾਡਾ 1982; ਲੇਬਨਾਨ 1982; ਹੋਂਡੁਰਾਸ 1983; ਬੋਲੀਵਿਆ 1986; ਪਨਾਮਾ 1989; ਇਰਾਕ 1991; ਯੁਗੋਸਲਾਵਿਆ 1992; ਸੋਮਾਲਿਆ 1993; ਹੈਤੀ 1994; ਲਾਈਬੇਰੀਆ 1996; ਸੂਡਾਨ 1998; ਅਫਗਾਨਿਸਤਾਨ 1998 ਤੋਂ ਹੁਣ ਤੱਕ; ਇਰਾਕ 2003 ਤੋਂ ਹੁਣ ਤੱਕ...

•••

(ਪੰਨਾ 8 ਦਾ ਬਾਕੀ ਹਿੱਸਾ)

ਸੰਭਾਵਨਾ ਹੈ ਕਿ ਕੁਝ ਲੋਕ ਸਮਾਜ ਨੂੰ ਬਦਲਣ ਦੀ ਵਿਗਿਆਨਕ ਸਮਝ ਵੱਲ ਤੁਰਨ ਅਤੇ ਇਨਕਲਾਬੀ ਰਾਜਨੀਤੀ ਨੂੰ ਲੋਕਾਂ ਵਿੱਚ ਲੈ ਕੇ ਜਾਣ।

ਨਿਚੋੜ ਦੇ ਤੌਰ 'ਤੇ ਇਹੀ ਕਿਹਾ ਜਾ ਸਕਦਾ ਹੈ ਕਿ ਅਮਰੀਕੀ ਲੋਕਾਂ ਦਾ ਢਾਂਚੇ ਖਿਲਾਫ ਉੱਠਣਾ ਭਾਵੇਂ ਉਹ ਕਿਸੇ ਵੀ ਰੂਪ 'ਚ ਹੋਵੇ, ਇੱਕ ਸਵਾਗਤਯੋਗ ਘਟਨਾ ਹੈ। 'ਕਬਜ਼ਾ ਕਰੋ' ਲਹਿਰ ਅਮਰੀਕੀ ਲੋਕਾਂ ਦੀ ਲੰਮੇ ਸਮੇਂ ਦੀ ਰਾਜਨੀਤਕ ਖੜੋਤ ਅਤੇ ਗੈਰ-ਸਰਗਰਮੀ ਨੂੰ ਕੁਝ ਹੱਦ ਤੱਕ ਤਾਂ ਤੋੜ ਹੀ ਰਹੀ ਹੈ ਅਤੇ ਇਸਦੀ ਲੋਕਾਂ ਦੀ ਚੇਤਨਾ ਨੂੰ ਵਿਕਸਤ ਕਰਨ 'ਚ ਭੂਮਿਕਾ ਰਹੇਗੀ। ਪਰ ਪ੍ਰਪੱਕ ਅਗਵਾਈ ਦੀ ਅਣਹੋਂਦ ਕਾਰਨ ਇਸ ਲਹਿਰ ਦੇ ਵੀ ਸਰਮਾਏਦਾਰੀ ਢਾਂਚੇ ਅੰਦਰ ਹੀ ਸਮੇਟੇ ਜਾਣ ਦੀ ਪੂਰੀ ਸੰਭਾਵਨਾ ਹੈ।

ਅਮਰੀਕਾ ਦੀ 'ਕਬਜ਼ਾ ਕਰੋ' ਲਹਿਰ ਦੀ ਤਰਜ਼ 'ਤੇ ਦੁਨੀਆਂ ਦੇ ਬਾਕੀ ਦੇਸ਼ਾਂ 'ਚ ਸ਼ੁਰੂ ਹੋਈਆਂ ਮੁਹਿੰਮਾਂ ਦੀ ਸੰਖੇਪ ਚਰਚਾ ਵੀ ਕਰਨੀ ਬਣਦੀ ਹੈ। ਯੂਰਪੀ ਦੇਸ਼ਾਂ ਵਿੱਚ ਤਾਂ ਇਹ ਲਹਿਰ ਉੱਥੇ ਪਹਿਲਾਂ ਹੀ ਚੱਲ ਰਹੀਆਂ ਜਨਤਕ ਲਹਿਰਾਂ ਦੇ ਹਿੱਸੇ ਦੇ ਤੌਰ 'ਤੇ ਵਿਚਰ ਰਹੀ ਹੈ ਤੇ ਅੱਗੇ ਵੀ ਇਸਦੇ ਕੋਈ ਅਲੱਗ ਰੂਪ ਅਖਤਿਆਰ ਕਰਨ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੀ ਹੈ। ਭਾਰਤ 'ਚ ਵੀ 'ਕੋਲਕਾਤਾ 'ਤੇ ਕਬਜ਼ਾ ਕਰੋ' 'ਮੁੰਬਈ 'ਤੇ ਕਬਜ਼ਾ ਕਰੋ' ਜਿਹੇ ਵਾਕਾਂਸ਼ ਸੁਣਾਈ ਦੇਣੇ ਸ਼ੁਰੂ ਹੋ ਗਏ ਹਨ। ਇਹਨਾਂ ਪਿੱਛੇ ਵੀ ਫਿਲਹਾਲ ਉਹੀ ਤਬਕਾ ਦਿਖ ਰਿਹਾ ਹੈ ਜਿਹੜਾ ਕੁਝ ਦਿਨ ਪਹਿਲਾਂ ਅੰਨਾ ਹਜ਼ਾਰੇ ਅਤੇ ਰਾਮਦੇਵ ਦੀਆਂ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨਾਂ 'ਚ ਸ਼ਾਮਿਲ ਸੀ। ਭਾਰਤ ਜਿਹੇ ਦੇਸ਼ਾਂ ਜਿਹਨਾਂ ਦੇਸ਼ਾਂ ਜਾਂ ਸਮਾਜਾਂ ਵਿੱਚ ਜਮਹੂਰੀ ਕਦਰਾਂ-ਕੀਮਤਾਂ ਲੋਕਾਂ ਦੇ ਮਨਾਂ 'ਚ ਡੂੰਘੀਆਂ ਨਹੀਂ ਉਤਰੀਆਂ, ਉੱਥੇ ਅਜਿਹੀਆਂ ਲਹਿਰਾਂ ਇੱਕ ਤਿਲਕਣਬਾਜ਼ੀ ਹਨ। ਇਸ ਤਰ੍ਹਾਂ ਦੀਆਂ ਲਹਿਰਾਂ 'ਚ ਇਨਕਲਾਬੀ ਅਤੇ ਅਗਾਂਹਵਧੂ ਤਾਕਤਾਂ ਨੂੰ ਬਲ ਬਖਸ਼ਣ ਦੀ ਸੰਭਾਵਨਾ ਛਿਪੀ ਹੁੰਦੀ ਹੈ ਪਰ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਅਗਾਂਹਵਧੂ ਅਤੇ ਇਨਕਲਾਬੀ ਤਾਕਤਾਂ ਆਮ ਲੋਕਾਂ ਤੇ ਖਾਸ ਕਰਕੇ ਮਜ਼ਦੂਰ ਜਮਾਤ ਅੰਦਰ ਲਗਾਤਾਰ ਪ੍ਰਚਾਰ-ਪ੍ਰਾਪੇਗੰਡਾ ਤੇ ਲੋਕਾਂ ਨੂੰ ਸਿੱਖਿਅਤ ਕਰਨ ਦਾ ਕੰਮ ਹੱਥ 'ਚ ਲੈਣ। ਫਿਰ ਇਹੋ ਜਿਹੇ ਲੋਕ-ਉਭਾਰ ਸਮੇਂ ਮਜ਼ਦੂਰ ਜਮਾਤ ਦੀ ਪ੍ਰਭਾਵਸ਼ਾਲੀ ਸ਼ਮੂਲੀਅਤ ਰਾਹੀਂ ਲਹਿਰ ਦੀ ਦਿਸ਼ਾ ਅਤੇ ਆਰਥਿਕ-ਰਾਜਨੀਤਕ ਅਜੰਡੇ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਇਹੀ ਉਹ ਦੌਰ ਹੁੰਦਾ ਹੈ ਜਦੋਂ ਫਾਸੀਵਾਦ ਜਿਹੀ ਵਿਚਾਰਧਾਰਾ ਤੇ ਰਾਜਨੀਤੀ ਵੀ ਛਾਲੀਂ ਅੱਗੇ ਵਧ ਸਕਦੀ ਹੈ। ਇਸੇ ਤੱਥ ਨੂੰ ਧਿਆਨ 'ਚ ਰੱਖਦੇ ਹੋਏ ਆਮ ਲੋਕਾਂ ਤੇ ਖਾਸ ਕਰਕੇ ਮਧਵਰਗ ਅਤੇ ਨੌਜਵਾਨਾਂ 'ਚ ਇਨਕਲਾਬੀ ਪ੍ਰਚਾਰ-ਪ੍ਰਾਪੇਗੰਡਾ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ।

•••